# ਸੁਧਾਰ ਵਿਭਾਗ ਨੂੰ ਸ਼ਿਕਾਇਤ ਕਰਦੇ ਹੋਏ

ARA POUTAMA AOTEAROA
DEPARTMENT OF CORRECTIONS

## ਸੁਧਾਰ ਵਿਭਾਗ ਨੂੰ ਸ਼ਿਕਾਇਤ ਕਰਦੇ ਹੋਏ

ਜੇਕਰ ਤੁਹਾਨੂੰ Ara Poutama Aotearoa, ਸੁਧਾਰ ਵਿਭਾਗ ਬਾਰੇ ਕੋਈ ਸ਼ਿਕਾਇਤ ਹੈ, ਤਾਂ ਤੁਸੀਂ ਇਸ ਮਸਲੇ ਨੂੰ ਕਈ ਤਰੀਕਿਆਂ ਨਾਲ ਉਠਾ ਸਕਦੇ ਹੋ। ਸ਼ਿਕਾਇਤਾਂ ਜੇਲ੍ਹ ਵਿੱਚ ਬੰਦ ਲੋਕਾਂ, ਭਾਈਚਾਰਕ ਸਜ਼ਾਵਾਂ ਜਾਂ ਆਦੇਸ਼ਾਂ 'ਤੇ ਲੋਕਾਂ, ਪਰਿਵਾਰ ਅਤੇ ਵਹਾਨਉ (whānau), ਵਕੀਲਾਂ, ਅਤੇ ਜਨਤਾ ਦੇ ਹੋਰ ਮੈਂਬਰਾਂ ਦੁਆਰਾ ਕੀਤੀਆਂ ਜਾ ਸਕਦੀਆਂ ਹਨ।

ਸ਼ਿਕਾਇਤਾਂ ਨੂੰ ਆਮ ਤੌਰ 'ਤੇ ਹੇਠਲੇ ਪੱਧਰ 'ਤੇ ਹੱਲ ਕੀਤਾ ਜਾਣਾ ਚਾਹੀਦਾ ਹੈ। ਸ਼ਿਕਾਇਤਾਂ ਦੀ ਜਾਂਚ ਆਮ ਤੌਰ 'ਤੇ ਜੇਲ੍ਹ ਜਾਂ ਭਾਈਚਾਰਕ ਸੁਧਾਰ ਸਾਈਟ ਤੋਂ ਵਿਭਾਗੀ ਸਟਾਫ਼ ਦੁਆਰਾ ਕੀਤੀ ਜਾਂਦੀ ਹੈ। ਜੇਕਰ ਤੁਸੀਂ ਉਹਨਾਂ ਦੇ ਜਵਾਬ ਤੋਂ ਸੰਤੁਸ਼ਟ ਨਹੀਂ ਹੋ, ਤਾਂ ਤੁਸੀਂ ਇੰਸਪੈਕਟੋਰੇਟ ਦੇ ਦਫਤਰ ਦੁਆਰਾ ਸ਼ਿਕਾਇਤ ਦੀ ਸਮੀਖਿਆ ਕਰਨ ਲਈ ਕਹਿ ਸਕਦੇ ਹੋ।

## ਸਮਰਥਨ ਕਿਵੇਂ ਪ੍ਰਾਪਤ ਕਰਨਾ ਹੈ

ਤੁਸੀਂ ਆਪਣੇ ਸਥਾਨਕ ਭਾਈਚਾਰਕ ਕਨੂੰਨੀ ਕੇਂਦਰ ਜਾਂ ਨਾਗਰਿਕ ਸਲਾਹ ਬਿਊਰੋ ਤੋਂ ਸ਼ਿਕਾਇਤ ਕਰਨ ਜਾਂ ਅੱਗੇ ਵਧਾਉਣ ਲਈ ਸਹਾਇਤਾ ਪ੍ਰਾਪਤ ਕਰ ਸਕਦੇ ਹੋ। ਤੁਸੀਂ ਵਕੀਲ ਵਜੋਂ ਤੁਹਾਡੇ ਲਈ ਕੰਮ ਕਰਨ ਲਈ ਕਿਸੇ ਹੋਰ ਵਿਅਕਤੀ ਨੂੰ ਵੀ ਮਨਜ਼ੂਰੀ ਦੇ ਸਕਦੇ ਹੋ। ਜੇਕਰ ਤੁਸੀਂ ਚਾਹੁੰਦੇ ਹੋ ਕਿ ਕੋਈ ਤੁਹਾਡਾ ਵਕੀਲ ਬਣੇ, ਤਾਂ ਕਿਰਪਾ ਕਰਕੇ ਜਦੋਂ ਤੁਸੀਂ ਸ਼ਿਕਾਇਤ ਕਰਦੇ ਹੋ ਤਾਂ ਉਹਨਾਂ ਦੇ ਵੇਰਵੇ ਸ਼ਾਮਲ ਕਰੋ। ਸਟਾਫ ਫਿਰ ਉਹਨਾਂ ਨੂੰ ਮਨਜ਼ੂਰੀ ਦੇਣ ਲਈ ਇੱਕ ਫਾਰਮ ਭਰਨ ਵਿੱਚ ਤੁਹਾਡੀ ਮਦਦ ਕਰੇਗਾ।

## ਸ਼ਿਕਾਇਤ ਕਿਵੇਂ ਕਰਨੀ ਹੈ

ਜੇਕਰ ਤੁਸੀਂ ਅੰਗਰੇਜ਼ੀ ਵਿੱਚ ਪੜ੍ਹ ਅਤੇ ਲਿਖ ਸਕਦੇ ਹੋ, ਤਾਂ ਤੁਸੀਂ ਸੁਧਾਰ ਵਿਭਾਗ ਦੀ ਵੈੱਬਸਾਈਟ 'ਤੇ ਔਨਲਾਈਨ ਫਾਰਮ ਰਾਹੀਂ ਸ਼ਿਕਾਇਤ ਕਰ ਸਕਦੇ ਹੋ। 'ਸ਼ਿਕਾਇਤ ਹੱਲ' ਪੰਨੇ ਦੀ ਖੋਜ ਕਰੋ ਅਤੇ 'ਸ਼ਿਕਾਇਤ ਕਰੋ' ਬਟਨ 'ਤੇ ਕਲਿੱਕ ਕਰੋ। ਇਹ ਲਿੰਕ ਹੈ: www.corrections.govt.nz/about_us/getting_in_touch/complaint_resolution

ਜੇਕਰ ਤੁਸੀਂ ਔਨਲਾਈਨ ਫਾਰਮ ਦੀ ਵਰਤੋਂ ਨਹੀਂ ਕਰ ਸਕਦੇ ਹੋ, ਤਾਂ ਆਪਣੀ ਸ਼ਿਕਾਇਤ ਇੰਸਪੈਕਟੋਰੇਟ ਦੇ ਦਫਤਰ ਨੂੰ ਭੇਜੋ। ਉੱਥੋਂ ਦਾ ਸਟਾਫ਼ ਸ਼ਿਕਾਇਤ ਨੂੰ ਜਾਂਚ ਲਈ ਉਚਿਤ ਵਿਅਕਤੀ ਕੋਲ ਭੇਜੇਗਾ। ਜੇਕਰ ਤੁਸੀਂ ਕਿਸੇ ਖਾਸ ਵਿਅਕਤੀ ਜਾਂ ਸਮੂਹ ਨੂੰ ਸ਼ਿਕਾਇਤ ਨਹੀਂ ਭੇਜਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੀ ਸ਼ਿਕਾਇਤ ਵਿੱਚ ਇਹ ਵੇਰਵੇ ਸ਼ਾਮਲ ਕਰੋ।

## ਤੁਸੀਂ ਇੰਸਪੈਕਟੋਰੇਟ ਦੇ ਦਫਤਰ ਨਾਲ ਇਸ ਦੁਆਰਾ ਸੰਪਰਕ ਕਰ ਸਕਦੇ ਹੋ:

- **ਫ਼ੋਨ :** 0800 225 697 ਅਤੇ ਇੱਕ ਵੌਇਸਮੇਲ ਛੱਡੋ
- **ਈ - ਮੇਲ:** inspectorate@corrections.govt.nz
- **ਮੇਲ :** ਇੰਸਪੈਕਟੋਰੇਟ ਦਾ ਦਫਤਰ, ਪ੍ਰਾਈਵੇਟ ਬਾਕਸ 1206, ਵੈਲਿੰਗਟਨ 6140

ਜੇਕਰ ਤੁਸੀਂ ਆਪਣੀ ਸ਼ਿਕਾਇਤ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਕਰਦੇ ਹੋ, ਤਾਂ ਵਿਭਾਗੀ ਸਟਾਫ਼ ਅਤੇ ਇੰਸਪੈਕਟੋਰੇਟ ਦਾ ਦਫ਼ਤਰ ਤੁਹਾਡੀ ਮਦਦ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰੇਗਾ। ਜਵਾਬ ਤਿਆਰ ਕਰਨ ਵਿੱਚ ਉਹਨਾਂ ਨੂੰ ਆਮ ਨਾਲੋਂ ਵੱਧ ਸਮਾਂ ਲੱਗ ਸਕਦਾ ਹੈ।

## ਤੁਹਾਡੀ ਸ਼ਿਕਾਇਤ ਨੂੰ ਕਿਵੇਂ ਅਗਾਂਹ ਵਧਾਇਆ ਜਾਵੇ

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਸ਼ਿਕਾਇਤ ਵਿਭਾਗੀ ਸਟਾਫ਼ ਜਾਂ ਇੰਸਪੈਕਟੋਰੇਟ ਦੇ ਦਫ਼ਤਰ ਦੁਆਰਾ ਹੱਲ ਨਹੀਂ ਕੀਤੀ ਗਈ ਹੈ, ਤਾਂ ਤੁਸੀਂ ਇਸ ਨੂੰ ਕਿਸੇ ਬਾਹਰੀ ਏਜੰਸੀ ਕੋਲ ਭੇਜ ਸਕਦੇ ਹੋ। ਤੁਸੀਂ ਸਹਾਇਤਾ ਲਈ ਕਿਸੇ ਵੀ ਸਮੇਂ ਇਹਨਾਂ ਏਜੰਸੀਆਂ ਨਾਲ ਸੰਪਰਕ ਕਰ ਸਕਦੇ ਹੋ।

- 0800 802 602 'ਤੇ ਲੋਕਪਾਲ ਦੇ ਦਫ਼ਤਰ ਨੂੰ ਸੁਧਾਰਾਂ ਦੁਆਰਾ ਕਿਸੇ ਵਿਅਕਤੀ ਦੇ ਪ੍ਰਬੰਧਨ ਬਾਰੇ, ਜਾਂ ਅਧਿਕਾਰਤ ਜਾਣਕਾਰੀ ਬਾਰੇ ਸ਼ਿਕਾਇਤਾਂ ਕੀਤੀਆਂ ਜਾ ਸਕਦੀਆਂ ਹਨ
- ਗੋਪਨੀਯਤਾ ਜਾਂ ਨਿੱਜੀ ਜਾਣਕਾਰੀ ਬਾਰੇ ਸ਼ਿਕਾਇਤਾਂ ਪ੍ਰਾਈਵੇਸੀ ਕਮਿਸ਼ਨਰ ਨੂੰ 0800 803 909 'ਤੇ ਕੀਤੀਆਂ ਜਾ ਸਕਦੀਆਂ ਹਨ
- ਕਿਸੇ ਵਿਅਕਤੀ ਦੀ ਸਿਹਤ ਸੰਭਾਲ ਜਾਂ ਅਪੰਗਤਾ ਸਹਾਇਤਾ ਬਾਰੇ ਸ਼ਿਕਾਇਤ ਸਿਹਤ ਅਤੇ ਅਪੰਗਤਾ ਕਮਿਸ਼ਨਰ ਨੂੰ 0800 11 22 33 'ਤੇ ਕੀਤੀ ਜਾ ਸਕਦੀ ਹੈ
- ਵਿਤਕਰੇ, ਨਫ਼ਰਤ ਭਰੇ ਭਾਸ਼ਣ, ਜਾਂ ਮਨੁੱਖੀ ਅਧਿਕਾਰਾਂ ਬਾਰੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ 0800 496 877 'ਤੇ ਸ਼ਿਕਾਇਤ ਕੀਤੀ ਜਾ ਸਕਦੀ ਹੈ